Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

# ਸੁਖਵਿੰਦਰ ਅੰਮ੍ਰਿਤ ਕਾਵਿ ਦਾ ਲੋਕਧਰਾਈ ਅਧਿਐਨ

ਡਾ. ਲਖਵਿੰਦਰ ਕੌਰ
(ਸਹਾਇਕ ਪ੍ਰੋਫੈਸਰ)
ਸੀ.ਟੀ ਯੂਨੀਵਰਸਿਟੀ (ਲੁਧਿ.)

ਭੁਪਿੰਦਰ ਕੌਰ
(ਰੀਸਰਚ ਸਕਾਲਰ)
ਸੀ.ਟੀ. ਯੂਨੀਵਰਸਿਟੀ (ਲੁਧਿ.)

**Vidhyayana - ISSN 2454-8596**
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਲੋਕਧਾਰਾ ਮਨੁੱਖ ਦੇ ਜੀਵਨ, ਸਾਹਿਤ, ਕਲਾਂ ਤੇ ਧਰਮ ਵਿੱਚ ਇਕ ਗਤੀਸ਼ੀਲ ਪ੍ਰਵਾਹ ਵਾਂਗ ਸਮਾਈ ਹੋਈ ਹੈ। ਜੀਵਨ ਦੇ ਵਿਕਾਸ ਵਿੱਚ ਲੋਕਧਾਰਾ ਨੇ ਭਰਪੂਰ ਹਿੱਸਾ ਪਾਇਆ ਹੈ। ਕਲਾ, ਸਾਹਿਤ, ਨ੍ਰਿਤ-ਨਾਟ, ਧਰਮ, ਵਿਗਿਆਨ ਸਭ ਡਿਸਿਪਲਿਨ ਲੋਕਧਾਰਾ ਦੀਆਂ ਰੂੜੀਆਂ ਤੋਂ ਉੱਭਰੇ ਤੇ ਵਿਕਸਿਤ ਹੋਏ ਹਨ।

ਚਾਰਲਸ ਫ੍ਰੇਂਸੀ ਨੇ ਲੋਕਧਾਰਾ ਨੂੰ ਇਕ ਪੱਥਰ ਜੀਵ ਕਿਹਾ ਹੈ ਜਿਹੜਾ ਕਿ ਮਰਦਾ ਨਹੀਂ। ਕੁਝ ਹੱਦ ਤੱਕ ਇਹ ਕਥਨ ਠੀਕ ਹੈ, ਪਰੰਤੂ ਇਹ ਉਹਨਾਂ ਅਰਥਾਂ ਵਿਚ ਪੱਥਰ ਜੀਵ ਨਹੀਂ ਜੋ ਜੜ੍ਹ ਰੂਪ ਵਿਚ ਸਥਿਰ ਹੁੰਦਾ ਹੈ। ਸਗੋਂ ਲੋਕਧਾਰਾ ਇਕ ਅਜਿਹੀ ਜੀਵੰਤ ਪ੍ਰੀਕਿਰਿਆ ਹੈ ਜੋ ਹਰ ਵੇਲੇ ਪਰੰਪਰਕ ਸੁਭਾਓ ਕਰਕੇ ਹਾਜ਼ਿਰ ਵੀ ਰਹਿੰਦੀ ਹੈ, ਅਤੇ ਵਰਤਮਾਨ ਲੋੜਾਂ ਦੇ ਸਮਾਧਾਨ ਦੀ ਪੂਰਤੀ ਲਈ ਨਿਰਸਿਤ ਹੁੰਦੀ ਰਹਿੰਦੀ ਹੈ।

ਲੋਕਧਾਰਾ ਦਾ ਇਕ ਵੱਖਰੇ ਡਿਸਿਪਲਿਨ ਦੇ ਰੂਪ ਵਿੱਚ ਅਧਿਐਨ 19ਵੀਂ ਸਦੀ ਦੇ ਆਰੰਭ ਵਿੱਚ ਹੋਇਆ।ਜਦੋਂ 1846 ਈਸਵੀ ਵਿੱਚ ਡਬਲਿਉ ਜੇ. ਥਾਮਸਨ ਨੇ ਲੋਕ ਸਭਿਆਚਾਰ ਦੇ ਸਾਰੇ ਪਰਪੰਚ ਲਈ 'ਫੋਕਲੋਰ' ਸ਼ਬਦ ਦੀ ਸਿਰਜਨਾ ਕੀਤੀ। ਪੰਜਾਬੀ ਵਿੱਚ ਇਸ ਡਿਸਿਪਲਿਨ ਦੇ ਅਧਿਐਨ ਦੀ ਪਿਰਤ ਪੁਰਾਤੱਤਵ-ਖੋਜੀਆਂ, ਮਾਨਵ ਸ਼ਾਸ਼ਤਰੀਆਂ ਤੇ ਕੁਝ ਵਿਗਿਆਨੀਆਂ ਨੇ ਪਾਈ ਜਿਨ੍ਹਾਂ ਵਿੱਚੋਂ ਜਾਰਜ ਕਨਿਘੰਮ, ਸਰ ਰਿਚਰਡ ਟੈਂਪਲ, ਗਰੀਅਰਸਨ ਇਬੈਟਨ, ਰੋਸ ਤੇ ਵਿਲੀਅਮ ਕਰੁਕ ਦੇ ਨਾਮ ਮਹੱਤਵਪੂਰਨ ਹਨ।

ਡਾ. ਸੋਹਿੰਦਰ ਸਿੰਘ ਬੇਦੀ ਲਿਖਦੇ ਹਨ,

"1950 ਵਿੱਚ ਜਦ ਮੈਂ 'ਫੋਕਲੋਰ' ਨੂੰ ਆਪਣੇ ਅਧਿਐਨ ਦਾ ਖੇਤਰ ਚੁਣਿਆ ਤਾਂ ਅਨੇਕਾਂ ਸਮੱਸਿਆਵਾਂ ਦੇ ਨਾਲ ਇਨ ਸਮੱਸਿਆ 'ਫੋਕਲੋਰ'ਦੇ ਪੰਜਾਬੀ ਪਰਿਆਇ ਦੀ ਉਤਪੰਨ ਹੋਈ। 'ਫੋਕਲੋਰ' ਦੇ ਸਾਰੇ ਡਿਸਿਪਲਿਨ ਨੂੰ ਵਿਚਾਰਨ ਤੇ ਉਸ ਦੇ ਬਹੁ-ਵਿੱਧ ਰੂਪਾਂ ਦੇ ਚਰਿਤ੍ਰ ਨੂੰ ਸਮਝਣ ਮਗਰੋਂ ਮੈਂ ਲੋਕਧਾਰਾ ਦਾ ਸ਼ਬਦ ਸਿਰਜਿਆ। ਉਦੋਂ 'ਫੋਕਲੋਰ' ਦੇ ਤਿੰਨ ਵਿਸ਼ੇਸ਼ ਤੱਤ ਮੇਰੀ ਦ੍ਰਿਸ਼ਟੀਗੋਚਰ ਸਨ-ਲੋਕ ਸਭਿਆਚਾਰ, ਪਰੰਪਰਾ ਤੇ ਲੋਕ ਮਨ।'ਫੋਕਲੋਰ' ਲੋਕਾਂ ਦੀ ਸਮੱਗਰੀ ਹੈ, ਲੋਕ ਮਨ ਦੀ ਅਭਿਵਿਅਕਤੀ ਹੈ ਤੇ ਇਸ ਦਾ ਨਿਰਮਾਣ ਲੋਕਾਂ ਦੀ ਸਮੂਹਿਕ ਚੇਤਨਾ ਤੋਂ ਹੋਇਆ ਹੈ , ਇਸ ਲਈ 'ਲੋਕ' ਸ਼ਬਦ ਨੂੰ ਨਵਾਂ ਪਦ ਘੜਨ ਲਈ ਇੱਕ ਜਜ ਬਣਾਉਣਾ ਜ਼ਰੂਰੀ ਸੀ । 'ਧਾਰਾ' ਸ਼ਬਦ ਮੈਨੂੰ ਲੋਕ ਮਨ ਅਤੇ ਪਰੰਪਰਾ ਦੇ ਅਸੀਮ ਪ੍ਰਵਾਹ ਦਾ ਬੋਧਿਕ ਜਾਪਿਆ । ਹਰ ਧਾਰਾ ਪਿੱਛੇ ਇੱਕ ਲੰਮਾ ਇਤਿਹਾਸ ਅਤੇ ਪਰੰਪਰਾ ਦਾ ਪਸਾਰਾ ਹੈ । ਯੁੱਗਾਂ ਦੀ ਯਾਤਰਾ ਹੈ ਜੋ ਆਪਣੇ ਨਾਲ ਜੀਵਨ ਦੀ ਹਰ ਜੀਵੰਤ ਸਮੱਗਰੀ ਸਮੇਟਦੀ ਜਾ ਰਹੀ ਹੈ । ਇਕ ਜਗਦੀ ਜੋਤ ਜੋ ਕਦੇ ਵਿਗਸਦੀ ਨਹੀ । ਧਾਰਾ ਦਾ ਇਹ ਸੰਕਲਪ ਮੇਰੇ ਮਨ ਵਿੱਚ ਸੀ।"[1]

'ਫ਼ੋਕਲੋਰ' ਲਈ ਕੁਝ ਹੋਰ ਵੀ ਪਦ ਘੜੇ ਗਏ । ਡਾ. ਐਸ.ਕੇ. ਚੈਟਰਜੀ ਨੇ 'ਲੋਕਯਾਨ' ਸ਼ਬਦ ਦੀ ਸਿਰਜਨਾ ਕੀਤੀ ਜੋ ਕਾਫੀ ਮਕਬੂਲ ਹੋਇਆ । ਡਾ. ਥਿੰਦ ਦੀ ਲੋਕਯਾਨ ਪ੍ਰਤੀ ਵਡਮੁੱਲੀ ਦੇਣ ਹੈ । ਡਾ. ਹਰਿਭਜਨ ਸਿੰਘ ਨੇ ਆਪਣੇ ਕੁਝ ਲੇਖਾਂ ਵਿੱਚ 'ਫ਼ੋਕਲੋਰ' ਲਈ 'ਲੋਕ ਵੇਦ' ਸ਼ਬਦ ਦਾ ਪ੍ਰਯੋਗ ਕੀਤਾ ।

ਡਾ. ਕਰਨੈਲ ਸਿੰਘ ਥਿੰਦ ਅਨੁਸਾਰ

" ਲੋਕਯਾਨ ਨਾਲ ਸੰਬੰਧਿਤ ਪਰੰਪਰਾਗਤ ਰੂਪ ਵਿੱਚ ਉਹ ਸਾਰੀ ਸਮਗ੍ਰੀ ਸ਼ਾਮਲ ਕੀਤੀ ਜਾ ਸਕਦੀ ਹੈ, ਜਿਸ ਵਿੱਚ ਲੋਕ ਮਨ ਦਾ ਪ੍ਰਗਟਾ ਹੋਵੇ ਅਤੇ ਲੋਕ ਸਮੂਹ ਨੇ ਜਿਸ ਨੂੰ ਪ੍ਰਵਾਨ ਕਰਕੇ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਿਆ ਹੋਵੇ । ਅਜਿਹੀ ਸਮਗ੍ਰੀ ਵਿੱਚ ਲੋਕ ਸੰਸਕ੍ਰਿਤੀ ਦੇ ਅਵਸ਼ੇਸ਼ਾ ( survivals) ਦੀ ਵੀ ਵਿਆਪਕਤਾ ਹੁੰਦੀ ਹੈ।"[2]

ਲੋਕਯਾਨ ਦੀ ਸਮੱਗਰੀ ਨੂੰ ਨਿਸ਼ਚਿਤ ਕਰਦਿਆ ਡਾ. ਥਿੰਦ ਦੇ ਲੋਕਯਾਨ ਦੇ ਤੱਤਾਂ ਅਧੀਨ, ਪਰੰਪਰਾ, ਲੋਕ ਮਾਨਸ, ਲੋਕ ਸੰਸਕ੍ਰਿਤੀ ਤਥਾ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ ਤੇ ਲੋਕ ਪ੍ਰਵਾਨਗੀ ਨੂੰ ਮੰਨਿਆ ਹੈ ।

ਪੰਜਾਬ ਦੀ ਸਾਹਿਤਕ ਪਰੰਪਰਾ ਵੀ ਲੋਕ ਸਾਹਿਤ ਨਾਲ ਲਬਰੇਜ਼ ਰਹੀ ਹੈ । ਮੱਧ ਕਾਲ ਤੋਂ ਹੀ ਪੰਜਾਬ ਵਿੱਚ ਸਾਹਿਤਕ ਪਰੰਪਰਾਂ ਲੋਕਿਕ ਸਿਖ਼ਰ ਤੇ ਰਹੀ ਹੈ । ਪੰਜਾਬ ਦਾ ਸਾਹਿਤ ਪ੍ਰਸਰਿਆ ਹੀ ਲੋਕ ਮਨਾਂ ਵਿੱਚੋਂ ਹੈ । ਸਾਹਿਤ ਨੂੰ ਲੋਕਧਾਰਾ ਦੇ ਤੱਤ

[1] ਡਾ. ਸੋਹਿੰਦਰ ਸਿੰਘ, ਲੋਕਧਾਰਾ ਅਤੇ ਸਾਹਿਤ,ਪੰਨਾ-29

[2] ਡਾ. ਕਰਨੈਲ ਸਿੰਘ ਥਿੰਦ, ਪੰਜਾਬੀ ਸਾਹਿਤ ਦਾ ਲੋਕਧਰਾਈ ਪਿਛੋਕੜ,ਜਿਲਦ:2, ਡਾ. ਜੋਗਿੰਦਰ ਸਿੰਘ ਕੈਰੋਂ, ਪੰਨਾ-25

ਗੁੜਤੀ ਵਿੱਚ ਮਿਲੇ ਹਨ ਫਿਰ ਭਾਵੇ ਸਾਹਿਤ ਅਧੀਨ ਗੁਰਬਾਣੀ, ਸੂਫੀ ਸਾਹਿਤ, ਕਾਫੀਆਂ, ਕਿੱਸੇ, ਵਾਰਾ, ਦੋਹੇ ਹੋਣ ਜਾਂ ਅਧੁਨਿਕ ਕਵਿਤਾ, ਕਹਾਣੀ , ਨਾਟਕ ਜਾਂ ਨਾਵਲ ਹੋਵੇ ।ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾ ਵਾਰਿਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ' ਦੀ ਧੁੰਨੀ ਹਰ ਮੂੰਹ ਤੋਂ ਸੁਣਾਈ ਦਿੰਦੀ ਹੈ ।

ਕਿਸੇ ਵੀ ਸਾਹਿਤਕਾਰ ਨੂੰ ਜਦ ਵੀ ਜਨਤਾ ਦੇ ਨੇੜੇ ਜਾਣ ਦੀ ਜ਼ਰੂਰਤ ਪੈਦੀਂ ਹੈ ਤਾਂ ਉਹ ਆਪਣੀ ਸਾਹਿਤ ਰਚਨਾ ਨੂੰ ਮਕਬੂਲ ਕਰਨ ਲਈ ਲੋਕਯਾਨ ਤੱਤਾਂ ਦੀ ਵਰਤੋਂ ਕਰਦਾ ਹੈ । ਇਸੇ ਅਧੀਨ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਵਿੱਚੋਂ ਲੋਕਧਾਰਾ ਦੇ ਉਹਨਾਂ ਤੱਤਾਂ ਦੀ ਤਲਾਸ਼ ਤੇ ਪਹਿਚਾਣ ਕੀਤੀ ਜਾਣੀ ਹੈ, ਜਿਹੜੇ ਕਵਿੱਤਰੀ ਨੇ ਆਪਣੀ ਰਚਨਾ ਨੂੰ ਹਰਮਨ ਪਿਆਰੀ ਬਣਾਉਣ ਲਈ ਇਸ ਦੀ ਸਿਰਜਨਾ ਵੇਲੇ ਸੁਚੇਤ ਤੇ ਅਚੇਤ ਰੂਪ ਵਿੱਚ ਇਸਤੇਮਾਲ ਕੀਤੇ ਹਨ ।

20ਵੀਂ ਸਦੀ ਦੇ ਅੰਤਲੇ ਦਹਾਕੇ ਦੀ ਲਿਖੀ ਗਈ ਅਜੋਕੀ ਪੰਜਾਬੀ ਕਵਿਤਾ ਦੇ ਸਿਰਮੋਰ ਕਵੀਆਂ ਦੀ ਸੂਚੀ ਵਿੱਚ ਸੁਖਵਿੰਦਰ ਅੰਮ੍ਰਿਤ ਦਾ ਨਾਮ ਨਿਰਸੰਦੇਹ ਸ਼ਿਖ਼ਰ ਤੇ ਸੁਮਾਰ ਹੈ । ਸੁਖਵਿੰਦਰ ਅੰਮ੍ਰਿਤ ਇੱਕ ਨਾਰੀਵਾਦੀ ਕਵਿੱਤਰੀ ਹੈ । ਪੰਜਾਬੀ ਲੋਕਧਾਰਾ ਦੇ ਵਿਭਿੰਨ ਰੂਪਾਂ ਦਾ ਨਾਰੀਵਾਦੀ ਦ੍ਰਿਸ਼ਟੀ ਤੋਂ ਅਧਿਐਨ ਕਰੀਏ ਤਾਂ ਪੰਜਾਬ ਦੀ ਸਮਾਜਿਕ ਸਥਿਤੀ ਦਾ ਸਹੀ ਰੂਪ ਸਾਹਮਣੇ ਆ ਜਾਂਦਾ ਹੈ । ਪਰ ਸਪੱਸ਼ਟ ਕਰ ਦੇਣਾ ਯੋਗ ਹੋਵੇਗਾ ਕਿ ਅਸੀ ਸਿਰਫ ਔਰਤ ਸਿਰਜਤ ਲੋਕਧਾਰਾ ਦਾ ਹੀ ਅਧਿਐਨ ਨਹੀਂ ਕਰਾਂਗੇ ਸਗੋਂ ਸਮੁੱਚੀ ਲੋਕਧਾਰਾ ਦਾ ਔਰਤ ਦੇ ਨਜ਼ਰੀਏ ਤੋਂ ਅਧਿਐਨ ਕਰਨਾ ਹੈ ।

ਆਰਚਰ ਟੇਲਰ ਦਾ ਵਿਚਾਰ ਹੈ,

"ਲੋਕਧਾਰਾ ਇੱਕ ਸਾਂਝਾ ਪ੍ਰਵਚਨ ਹੈ ਜਿਸ ਵਿੱਚ ਪਰੀ-ਕਹਾਣੀਆਂ, ਦੰਦ- ਕਥਾਵਾਂ ,ਲੋਕ ਕਹਾਣੀਆਂ, ਲੈਅ ਮਈ ਗੀਤ , ਮੰਤਰ, ਅਖਾਣ ਅਤੇ ਬੁਝਾਰਤਾਂ ਆਦਿ ਆਉਂਦੇ ਹਨ ।[3]

ਉਹਨਾਂ ਨੇ ਕਵਿਤਾਵਾਂ ਤੇ ਗਜਲਾਂ ਵਿੱਚ ਲੋਕਧਾਰਾ ਦੀ ਸਮੱਗਰੀ ਨੂੰ ਪ੍ਰਤੀਕ ਰੂਪ ਵਿੱਚ ਵਰਤ ਕੇ ਬੜੇ ਸਮੱਗਰ ਕਾਵਿ-ਬਿੰਬ ਉਸਾਰੇ ਹਨ । ਕੁਝ ਹੱਦ ਤੱਕ ਮਿਥਿਹਾਸਿਕ ਘਟਨਾਵਾਂ ਜਾਂ ਪਾਤਰਾਂ ਦਾ ਸਹਾਰਾ ਲੈ ਕੇ ਰੂੜੀਆਂ ਰਾਹੀ ਕਾਵਿਕ ਸੰਦੇਸ਼ ਸੁਹਣੀ ਤਰ੍ਹਾਂ ਸੰਚਾਰਿਤ ਕੀਤਾ ਹੈ । ਕੁਝ ਕਵਿਤਾਵਾਂ ਵਿੱਚ ਲੋਕਧਰਾਈ ਤੱਤਾਂ ਦੀ ਸਿੱਧਾ ਤੇ ਬਦਲਵੇਂ ਰੂਪ ਵਿੱਚ ਵਰਤੋਂ ਕੀਤੀ ਹੈ । ਉਹਨਾਂ ਦੀ ਪ੍ਰਗਟਾਅ- ਵਿਧੀ ਪੇਂਡੂ-ਮੁਹਾਵਰੇ ਵਾਲੀ ਹੈ । ਉਹਨਾਂ ਨੇ ਕਵਿਤਾ ਵਿੱਚ ਇਕ ਤੱਤ ਲਈ ਭਿੰਨ ਵਿਧੀਆਂ ਦਾ ਇਸਤੇਮਾਲ ਕੀਤਾ ਹੈ ।ਪਰੰਪਰਕ ਲੋਕ ਅਕੀਦਿਆਂ ਤੇ ਤੱਤਾਂ ਨਾਲ ਸੰਬੰਧਤ ਉਸ ਦੀਆਂ ਕਈ ਅਜਿਹੀਆ ਨਜ਼ਮਾਂ ਤੇ ਗੀਤ ਹਨ, ਜਿਨ੍ਹਾਂ ਵਿੱਚ ਜ਼ਜਬੇ ਦੀ ਸ਼ਿੱਦਤ ਹੈ । ਸਾਡੀ ਲੋਕ ਪਰੰਪਰਾ ਵਿੱਚ 'ਚਿੜੀਆਂ' ਇੱਕ ਅਜਿਹਾ ਲੋਕ ਵਿਸ਼ਵਾਸ਼ ਦਾ ਪੰਛੀ ਹੈ , ਜਿਸ ਨੂੰ ਦੁਰਬਲ, ਨਿਮਾਣੀ, ਨਿਤਾਣੀ ਧੀ (ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸੀਂ ਉੱਡ ਜਾਣਾ ) ਦੇ ਪ੍ਰਤੀਕ ਦੇ ਰੂਪ ਵਿੱਚ ਵਰਤਿਆ ਜਾ ਰਿਹਾ ਹੈ । ਧੀ ਦੀ ਤੁਲਣਾ ਹਮੇਸ਼ਾ ਅਜਿਹੇ ਪੰਛੀ ਨਾਲ ਕੀਤੀ ਜਾਂਦੀ ਹੈ , ਜਿਨ੍ਹਾਂ ਨੂੰ ਜਿੰਦਗੀ ਵਿੱਚ ਸਿਰਫ ਪਰਵਾਸ ਹੀ ਹਿੱਸੇ ਆਉਦਾ ਹੈ । ਪੰਜਾਬੀ ਲੋਕਧਾਰਾ ਵਿੱਚ ਕੁੜੀਆਂ ਨੂੰ ਚਿੜੀਆਂ ,ਕੂੰਜਾਂ ਦੇ ਨਾਲ ਸਦਾ ਤੋਂ ਹੀ ਸੰਬੋਧਿਤ ਕੀਤਾ ਗਿਆ ਹੈ ।

ਇਹ ਜ਼ਮੀਨ ਹੋਈ ਸੌੜੀ ਤੇ ਆਕਾਸ਼ ਹੋਇਆ ਸੀਮਤ

ਚਿੜੀਆਂ ਦੇ ਸੁਪਨੇ ਏਨੇ ਮੈਂ ਜੁਆਨ ਹੁੰਦੇ ਦੇਖੇ[4]

ਕਿੰਨੀਆਂ ਥੋੜੀਆਂ ਰਹਿ ਗਈਆਂ ਹੁਣ

ਪਹਿਲਾ ਹੁੰਦੀਆਂ ਸੀ ਕਿੰਨੀਆਂ ਬਹੁਤੀਆਂ

ਹਰ ਘਰ

---

3 ਆਰਚਰ ਟੇਲਰ, ਪੰਜਾਬੀ ਸਾਹਿਤ ਦਾ ਲੋਕਧਰਾਈ ਪਿਛੋਕੜ,ਜਿਲਦ:2,ਡਾ. ਜੋਗਿੰਦਰ ਸਿੰਘ ਕੈਰੋਂ, ਪੰਨਾ-22

4 ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ

ਹਰ ਵਿਹੜੇ

ਹਰ ਰੁੱਖ ਤੇ

ਹਰ ਛੱਤ ਤੇ

ਬੋਲਦਿਆਂ

ਗਾਉਦੀਆਂ

ਲੜਦੀਆਂ

ਬੱਚੇ ਪਾਲਦੀਆਂ

ਕਾਵਾਂ ਗੁਟਾਰਾਂ ਨਾਲ ਦੋ-ਦੋ ਹੱਥ ਕਰਦੀਆਂ

ਹਰ ਵੇਲੇ

ਅੱਖਾਂ ਦੇ ਮੂਹਰੇ ਰਹਿੰਦੀਆਂ ਸੀ ਚਿੜੀਆਂ।[5]

ਰੋਜ਼ ਕੰਜਕਾਂ ਦੇ ਲਹੂ ਨਾਲ

ਲੱਥ ਪੱਥ ਹੁੰਦੀਆਂ ਨੇ ਅਖਬਾਰਾਂ ਦੀਆਂ ਸੁਰਖੀਆਂ

ਚਿੜੀਆਂ ਨੂੰ ਕੋਈ ਨਹੀਂ ਦੱਸਦਾ

ਇਹ ਸੰਨ ਸੰਤਾਲੀ ਹੈ

ਕਿ ਪੈਂਹਠ ਹੈ

ਕਿ ਚੁਰਾਸੀ

ਜਾ ਇਹ ਹੈ ਕਿ ਵਿਕ ਰਹੇ ਪਿੰਡ

ਇੱਕਵੀਂ ਸਦੀ ਦੀ ਉਦਾਸੀ...,

ਚਿੜੀਆਂ ਨੂੰ ਕੋਈ ਨਹੀ ਦੱਸਦਾ

ਕਿ ਇਹ ਚੰਦਰੇ ਦਿਨ

ਬਾਰ ਬਾਰ ਕਿਉਂ ਆਉਦੇ ਨੇ

ਚਿੜੀਆਂ ਨੂੰ ਕੌਣ ਦੱਸੇ...... ।[6]

---

[5] ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-10

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਕਿੰਨੀ ਖੁਸ਼ੀ ਦੀ ਗੱਲ ਹੈ ਅਜੇ

ਜਿਉਦੀਆਂ ਨੇ ਚਿੜੀਆਂ

ਬਿਰਖਾਂ ਤੇ ਉਤਰ ਆਉਂਦੀ ਹੈ

ਡਾਰ ਕੋਈ ਕੋਈ ।[7]

ਪੰਜਾਬੀ ਲੋਕ ਸਾਹਿਤ ਵਿੱਚ ਲੋਕ ਵਾਰਤਾ ਦਾ ਇਤਿਹਾਸ ਮਨੁੱਖ ਦੇ ਵਿਕਾਸ ਦੀ ਉਮਰ ਜਿੰਨਾ ਪੁਰਾਣਾ ਹੈ ।ਕਿਉਂਕਿ ਇਸ ਦਾ ਇਤਿਹਾਸ ਪੁਰਾਤਨ ਗ੍ਰੰਥਾਂ ਨਾਲ ਜੁੜਦਾ ਹੈ । ਇੰਜ ਅਸੀਂ ਲੋਕਵਾਰਤਾ ਵਿੱਚ ਮਿੱਥ ਕਥਾਵਾਂ, ਦੰਦ ਕਥਾਵਾਂ ਅਤੇ ਸਧਾਰਨ ਲੋਕ ਕਹਾਣੀਆਂ ਦੇ ਉਹ ਸਾਰੇ ਰੂਪ ਸ਼ਾਮਿਲ ਕਰਦੇ ਹਾਂ ਜੋ ਲੋਕ ਸਮੂਹ ਵਿੱਚ ਲਿਖਤੀ ਜਾਂ ਮੌਖਿਕ ਰੂਪ ਵਿੱਚ ਵਿਆਪਕ ਹੁੰਦੇ ਹਨ ।

ਲੋਕ ਵਾਰਤਾ ਵਿੱਚ ਪਹਿਲਾ ਅਤੇ ਸਭ ਤੋਂ ਮੱਹਤਵਪੂਰਨ ਅੰਗ ਮਿੱਥ ਹੈ । ਮਿੱਥਾਂ ਰਾਹੀ ਮਨੁੱਖ ਪ੍ਰਕ੍ਰਿਤੀ , ਸਮਾਜ, ਦੈਵੀ-ਸੰਸਾਰ ਅਤੇ ਸਵੈ ਨਾਲ ਸੰਬੰਧ ਸਥਾਪਿਤ ਕਰਕੇ ਆਪਣਾ ਵਿਸਥਾਰ ਕਰਦਾ ਹੈ । ਕਿਉਂਕਿ ਮਿੱਥ ਇਹ ਦੱਸਣ ਦਾ ਜਤਨ ਕਰਦੀ ਹੈ ਕਿ ਇਹ ਜਗਤ ਹੋਂਦ ਵਿੱਚ ਕਿਵੇਂ ਆਇਆ, ਧਰਤੀ ਉਪਜਾਊ ਕਿਵੇਂ ਬਣੀ , ਔਰਤ ਮਰਦ ਦੀ ਉਤਪੱਤੀ ਕਿਵੇਂ ਹੋਈ ।

ਸੁਖਵਿੰਦਰ ਅੰਮ੍ਰਿਤ ਨੇ ਵੀ ਇਹਨਾਂ ਮਿੱਥਾਂ ਦੇ ਪਾਤਰਾਂ ,ਘਟਨਾਵਾਂ ਦਾ ਸਹਾਰਾ ਲੈ ਕੇ ਸਮਾਜ ਵਿੱਚ ਔਰਤ , ਮਰਦ ਦੀ ਸਥਿਤੀ , ਹੋਣੀ ਤੇ ਮਰਦ ਨਾਲ ਪਰਸਪਰ ਰਿਸ਼ਤੇ ਦੇ ਮੂਲ ਤੱਥ ਨੂੰ ਉਭਾਰਿਆ ਹੈ । ਸ਼੍ਰੀ ਰਾਮ , ਲਛਮਣ , ਸੀਤਾ, ਸ਼੍ਰੀ ਕ੍ਰਿਸ਼ਨ ,ਸ਼ਿਵ, ਗੌਤਮ, ਅਹੱਲਿਆ, ਇੰਦਰ, ਈਸਾ, ਰਾਵਣ ਆਦਿ ਮਿਥਿਹਾਸਿਕ ਪਾਤਰਾਂ ਦਾ ਜਿਕਰ ਮਿਲਦਾ ਹੈ । ਇਹਨਾਂ ਸਾਰੇ ਪਾਤਰਾਂ ਤੇ ਘਟਨਾਵਾਂ ਨਾਲ ਵਿਸ਼ਾਲ ਕਥਾਵਾਂ ਜੁੜੀਆਂ ਹਨ, ਜੋ ਭਾਰਤੀ ਮਿਥਿਹਾਸ ਦਾ ਅਟੁੱਟ ਅੰਗ ਹੈ ਜਿਥੇ ਰਾਮ ਮਰਿਆਦਾ ਪਰਸ਼ੋਤਮ ਦੇ ਰੂਪ ਵਿੱਚ ਪ੍ਰਭਾਸ਼ਿਤ ਹੈ, ਉੱਥੇ ਰਾਵਣ ਬੁੱਧੀਮਾਨ ਪ੍ਰੰਤੂ ਬੁਰੀ ਬਿਰਤੀ ਵਾਲੇ ਪਾਤਰ ਦੇ ਰੂਪ ਵਿੱਚ ਪ੍ਰਵਾਨ ਕੀਤਾ ਗਿਆ ਹੈ । ਕ੍ਰਿਸ਼ਨ ਨਟਖਟ ਗੋਪੀਆਂ ਨਾਲ ਰਾਸ ਲੀਲਾ ਕਰਨ ਵਾਲਾ ਪ੍ਰੇਮ ਦਾ ਦੇਵਤਾ ਮੰਨਿਆ ਗਿਆ ਹੈ , ਜੋ ਕਿ ਮੀਰਾ ਦਾ ਆਦਰਸ਼ ਭਗਵਾਨ ਤੇ ਰਾਧਾ ਦਾ ਸ਼ਾਮ ਹੈ ।

ਪਤਾ ਨੀਂ ਇਹ ਸਲਵਾਨ ਹੋਵੇ

ਕਿ ਰਾਮ, ਰਾਵਣ ਜਾ ਕਾਨ੍ਹ ਹੋਵੇ

ਇਹ ਸੁਪਨਿਆਂ ਦੀ ਪੁਸ਼ਾਕ ਪਾ ਕੇ

ਨਾ ਜਾਣੇ ਕੈਸੀ ਤਾਬੀਰ ਆਈ [8]

---

[6] ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-80

[7] ਸੁਖਵਿੰਦਰ ਅੰਮ੍ਰਿਤ, ਪੁੰਨਿਆਂ, ਗ਼ਜ਼ਲ ਸੰਗ੍ਰਹਿ,2011, ਪੰਨਾ-57

[8] ਸੁਖਵਿੰਦਰ ਅੰਮ੍ਰਿਤ, ਪੁੰਨਿਆਂ, ਗ਼ਜ਼ਲ ਸੰਗ੍ਰਹਿ, 2011, ਪੰਨਾ-26

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਮੇਰੀ ਹੂਕ ਵਿੱਚ ਪਰੋ ਦੇ ਆਪਣੇ ਤੂੰ ਨਾਮ ਸਾਰੇ
ਮੀਰਾ ਦੀ ਬੇਨਤੀ ਹੈ ਮੇਰੂ 'ਤੇ 'ਸ਼ਾਮ' ਲਿਖਦੇ[9]

ਸੁਖਵਿੰਦਰ ਅੰਮ੍ਰਿਤ ਨੇ ਨਾਰੀਤਵ ਦੇ ਤੱਤਾਂ ਨੂੰ ਉਭਾਰਨ ਲਈ ਅਜਿਹੀਆਂ ਮਿਥਿਹਾਸਿਕ ਨਾਰੀ ਪਾਤਰਾਂ ਦਾ ਜ਼ਿਕਰ ਕੀਤਾ ਹੈ ਜੋ ਪਤਾੜਤ ਸਨ ਤੇ ਉਹਨਾਂ ਦਾ ਵੀ ਜੋ ਅਸੀਮ ਸ਼ਕਤੀ ਦੀਆਂ ਧਾਰਨੀ ਹਨ। ਅਹੱਲਿਆ ਜੋ ਇੰਦਰ ਦੇਵ ਦੁਆਰਾ ਛੱਲੀ ਗਈ ਸੀ, ਸੀਤਾ ਜੋ ਪਵਿੱਤਰਤਾ ਦਾ ਅਗਨੀ ਪ੍ਰੀਖਿਆ ਪਾਰ ਕਰਨ ਤੋਂ ਬਾਅਦ ਵੀ ਘਰੋਂ ਕੱਢੀ ਗਈ , ਇਸ ਦੇ ਉਂਲਟ ਚੰਡੀ ਤੇ ਦੁਰਗਾ ਜਿਨ੍ਹਾਂ ਨੇ ਨਰਸੰਹਾਰ ਕੀਤਾ।ਇਸ ਤਰ੍ਹਾਂ ਉਹਨਾਂ ਨੇ ਸੁਚੇਤ ਤੌਰ ਤੇ ਲੋਕਧਾਰਾ ਦੇ ਪਾਤਰਾਂ ਦਾ ਪ੍ਰਯੋਗ ਕਰਦੇ ਹੋਏ ਉੱਚਪਾਇ ਦਾ ਕਾਵਿਕ ਪ੍ਰਸੰਗ ਰਚਿਆ ਹੈ। 'ਜਗ ਜਨਨੀ' ਕਵਿਤਾ ਵਿੱਚ ਮਿੱਥ ਪਾਤਰਾਂ ਦੀ ਅਸਿੱਧੀ ਵਰਤੋਂ ਨਾਲ ਕਵਿੱਤਰੀ ਦੀ ਇਨਕਲਾਬੀ ਸੋਚ ਅਭਿਵਿਅਕਤ ਹੁੰਦੀ ਹੈ।

ਹਰ ਯੁੱਗ ਵਿੱਚ ਨਹੀਂ ਹੁੰਦਾ ਕੋਈ ਬਾਲਮੀਕ ਪੈਦਾ

ਇਸ ਯੁੱਗ ਦੀ ਸੀਤਾ ਨੂੰ ਦੱਸਿਓ ਕਿ ਕਿੱਧਰ ਜਾਏ[10]

ਨਹੀਂ ਪਰਵਾਨ
ਕਿ ਰੁਕਮਣੀ ਬਣ ਕੇ
ਰਾਧਾ ਤੇ ਕ੍ਰਿਸ਼ਨ ਦੀ ਮਹੁੱਬਤ ਦੀਆਂ
ਕਨਸੋਆਂ ਸੁਣਾਂ
ਤੇ ਉਮਰ ਭਰ ਧੁਖ਼ਦੀ ਰਹਾਂ
ਸ਼ਕੁੰਤਲਾ ਬਣ
ਉਡੀਕ ਦੀ ਸੂਲੀ 'ਤੇ ਚੜ੍ਹਾ
ਤੇ ਇਕ ਮੁੰਦਰੀ ਖੁਣੋ
ਬੇ-ਪਹਿਚਾਣ ਹੋ ਜਾਵੇ[11]

ਜੋਤ ਆਪਣੀ ਜਗਾਉਣੋਂ ਤੂੰ ਕਿਉਂ ਡਰ ਰਹੀਂ
ਜੱਗ -ਜਣਨੀ ਤੂੰ ਕਿਉਂ ਏਨੀ ਲਾਚਾਰ ਹੈਂ
ਤੂੰ ਤਾਂ ਦੁਰਗਾ ਹੈਂ, ਕਾਲੀ ਹੈਂ, ਚੰਡੀ ਹੈਂ ਤੂੰ

9 ਸੁਖਵਿੰਦਰ ਅੰਮ੍ਰਿਤ, ਪੁੰਨਿਆਂ, ਗ਼ਜ਼ਲ ਸੰਗ੍ਰਹਿ, 2011, ਪੰਨਾ-70

10 ਸੁਖਵਿੰਦਰ ਅੰਮ੍ਰਿਤ, ਹਜ਼ਾਰ ਰੰਗਾਂ ਦੀ ਲਾਟ, ਗ਼ਜ਼ਲ ਸੰਗ੍ਰਹਿ, 2008, ਪੰਨਾ-25

11 ਸੁਖਵਿੰਦਰ ਅੰਮ੍ਰਿਤ, ਕਣੀਆਂ ਕਾਵਿ ਸੰਗ੍ਰਹਿ,2000, ਪੰਨਾ-41

ਤੂੰ ਤਾਂ ਜਾਬਰ ਦੀ ਛਾਤੀ 'ਚ ਤਲਵਾਰ ਹੈਂ[12]

ਭਾਰਤੀ ਲੋਕਧਾਰਾ ਵਿੱਚ ਵਰ, ਸਰਾਪ, ਧਾਰਨਾਵਾਂ ਨੂੰ ਮਾਨਤਾ ਦਿੱਤੀ ਗਈ ਹੈ,ਜਿਨ੍ਹਾ ਨੂੰ ਅੰਮ੍ਰਿਤ ਨੇ ਔਰਤ ਦੀ ਅਜ਼ਾਦੀ ਦੀ ਖ਼ਾਹਸ਼ ਸੰਪੂਰਨ ਦੇ ਅਰਥਾਂ ਲਈ ਵਰਤਿਆ ਹੈ ਭਾਰਤੀ ਮਿਥਿਹਾਸ ਵਿੱਚ ਸ਼ਿਵ, ਬ੍ਰਹਮਾ , ਮਹੇਸ਼, ਦੇਵੀ ਲਕਛਮੀ ਵਰਦਾਤਾ ਮੰਨਿਆ ਗਿਆ ਹੈ।

ਸੋਚਦੀ ਹਾਂ ਕਿਸੇ ਦਿਨ ਕੋਈ ਕ੍ਰਿਸ਼ਮਾ ਵਾਪਰੇਗਾ
ਇਹਨਾਂ ਤਾਰਿਆਂ 'ਚੋ
ਕੋਈ ਰਿਸ਼ੀ ਚਾਨਣ ਦੇ ਰੱਥ 'ਤੇ ਸਵਾਰ ਹੋ ਕੇ
ਮੇਰੇ ਕੋਲ਼ ਆਵੇਗਾ
ਤੇ ਕਹੇਗਾ ਕੋਈ ਵਰ ਮੰਗ
--------------
ਫਿਰ ਕਿਸੇ ਦਿਨ ਕੋਈ ਦੇਵੀ
ਚਿੱਟੇ ਦੁੱਧ ਕੰਵਲ 'ਤੇ ਸਵਾਰ ਹੋ ਕੇ
ਮੇਰੇ ਕੋਲ਼ ਆਵੇਗੀ
ਤੇ ਵਰ ਮੰਗਣ ਲਈ ਆਖੇਗੀ
ਮੈਂ ਕਹਾਂਗੀ
ਕਲਮ ਤੇ ਕਾਗਜ਼ ਦਿਓ[13]

ਤੇਰਾ ਮੇਰਾ ਕੀ ਰਿਸ਼ਤਾ ਹੈ
ਪਿਆਰੇ ਸਤਲੁਜ!
ਹੇ ਕੈਲਾਸ਼ ਪਰਬਤ ਦੇ ਜਾਏ
ਪਾਵਨ ਗੰਗਾ ਦੇ ਹਮਸਾਏ[14]

ਇਸਾਈ ਤੇ ਇਸਲਾਮਿਕ ਮਿੱਥ ਅਨੁਸਾਰ ਆਦਮ ਤੇ ਹਵਾ ਪ੍ਰਮਾਤਮਾ ਦੇ ਸਿਰਜੇ ਪਹਿਲਾ ਪੁਰਖ ਤੇ ਇਸਤਰੀ ਸਨ, ਜੋ ਵਰਜ਼ਿਤ ਫ਼ਲ ਖਾਣ ਕਰਕੇ ਪ੍ਰਮਾਤਮਾ ਦੇ ਬਾਗ 'ਚੋ ਕੱਢ ਕੇ ਧਰਤੀ ਤੇ ਸੁੱਟ ਦਿੱਤੇ ਗਏ।ਸੁਖਵਿੰਦਰ ਵਿਅੰਗਿਤ ਰੂਪ ਨਾਲ ਆਦਮ ਜਾਏ ਮਨੁੱਖ ਨੂੰ ਪ੍ਰਸ਼ਨ ਕਰਦੀ ਹੈ ਕਿ ਕਦੋਂ ਤੱਕ ਪਿਆਰ ਰੂਪੀ ਫ਼ਲ ਖਾਣ ਦੇ ਦੋਸ਼ ਵਿੱਚ ਉਹ ਜੱਗ ਤੋਂ ਵਾਰ-ਵਾਰ ਕੱਢੇ ਜਾਣਗੇ।ਕਦੋਂ ਤੱਕ ਮਾਨਸ ਪ੍ਰਭੂ ਦੀਆਂ ਨਜ਼ਰਾਂ ਵਿੱਚ ਗੁਨਾਹਗਾਰ ਰਹੁ।

ਮੈਂ ਹਵਾ ਦੀ ਜਾਈ
ਪੀੜ੍ਹੀਓ ਪੀੜ੍ਹੀ ਤੁਰਦੀ ਹਵਾ
ਹੁਣ ਮੇਰੇ ਵਿੱਚ ਆਈ

[12] ਸੁਖਵਿੰਦਰ ਅੰਮ੍ਰਿਤ, ਨੀਲਿਆ ਮੋਰਾ ਵੇ, ਗੀਤ ਸੰਗ੍ਰਹਿ,2012, ਪੰਨਾ-66

[13] ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-30

[14] ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-72

ਮੈਂ ਆਦਮ !
ਉਹ ਵਰਜਿਤ ਫ਼ਲ
ਸੀ, ਜਿਸ ਨੇ ਆਪਣਾ ਮਨ ਭਰਮਾਇਆ
ਤੇ ਜ਼ੰਨਤ 'ਚੋਂ ਕਢਵਾਇਆ
.....................
ਕੀ ਕਿਸੇ ਦੁਨੀਆਂ ਵਿੱਚ ਆਪਣਾ
ਇਸ ਫ਼ਲ ਤੇ ਅਧਿਕਾਰ ਵੀ ਹੋਊ
ਹੋਰ ਜੀਆਂ ਦੀ ਦੁਨੀਆਂ ਵਰਗਾ
ਕੀ ਆਪਣਾ ਸੰਸਾਰ ਵੀ ਹੋਊ ?[15]

ਹਵਾ ਹਾਂ ਮੈਂ ਤਾਂ ਹਰ ਥਾਂ ਪਹੁੰਚ ਜਾਂਵਾਗੀ ਤੇਰੇ ਪਿੱਛੇ

ਤੇਰਾ ਜਿੱਥੇ ਵੀ ਜੀ ਚਾਹੇ ਮੇਰੇ ਆਦਮ ਚਲਾ ਜਾਈ[16]

ਲਛਮਣ ਰੇਖਾ ਭਾਰਤੀ ਲੋਕ ਪਰੰਪਰਾ ਵਿੱਚ ਉਹ ਲੀਕ ਮੰਨੀ ਗਈ ਹੈ ਜਿਸ ਨੂੰ ਭਾਰਤੀ ਨਾਰੀ ਨੇ ਪਾਰ ਨਹੀਂ ਕਰਨਾ। ਉਹ ਰੇਖਾ ਜੋ ਸੀਤਾ ਨੇ ਪਾਰ ਕੀਤੀ ਸੀ ਤੇ ਸਮਾਜ ਵੱਲੋਂ ਉਸ ਨੂੰ ਦੁਬਾਰਾ ਸਵੀਕ੍ਰਿਤੀ ਨਹੀਂ ਮਿਲੀ। ਲੋਕਧਾਰਾ ਵਿੱਚ ਔਰਤ ਨੂੰ ਇਹ ਵਰਜਨਾ ਹੈ, ਸੀਮਾ ਅੰਦਰ ਰਹਿਣ ਦੀ। 'ਰਾਖਾ' 'ਤੂੰ ਤੁਰਦਾ ਆ ਮੇਰੇ ਵੱਲ' ਕਵਿਤਾਵਾਂ ਵਿੱਚ ਇਸ ਦੀ ਵਰਤੋਂ ਵਰਤਮਾਨ ਸਥਾਪਿਤ ਯਥਾਰਥ ਨੂੰ ਨਾਰੀਵਾਦੀ ਨਜ਼ਰੀਏ ਤੋਂ ਪੇਸ਼ ਕਰਦੀਆਂ ਹਨ

ਹਾਰ ਕੇ ਉਹ ਖਿੱਚਣ ਲਗਦਾ
ਮੇਰੇ ਇਰਦ ਗਿਰਦ
ਪਰੰਪਰਾ ਦੀਆਂ ਲਛਮਣ-ਰੇਖਾਵਾਂ
ਤੇ ਬਣ ਬੈਠਦਾ ਹੈ
ਮੇਰੀ ਲਾਜਪੱਤ ਦਾ 'ਰਾਖਾ'[17]

ਤੂੰ ਆ ਤਾਂ ਸਹੀ ---
ਮੈਂ ਵੀਂ ਉਲੰਘ ਆਵਾਂਗੀ
ਰਸਮਾਂ ਦੀ ਲਛਮਣ ਰੇਖਾ
ਤੋੜ ਦਿਆਂਗੀ
ਰਿਸ਼ਤਿਆਂ ਦਾ ਜਾਲ[18]

ਨਵੀਂ ਵਿਆਹੀ ਦੀ ਰਾਖੀ ਖਾਤਰ

---
15 ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-54
16 ਸੁਖਵਿੰਦਰ ਅੰਮ੍ਰਿਤ,ਚਿਰਾਗਾਂ ਦੀ ਡਾਰ, ਗ਼ਜ਼ਲ ਸੰਗ੍ਰਹਿ,1999, ਪੰਨਾ-21
17 ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ ,2014, ਪੰਨਾ-14
18 ਸੁਖਵਿੰਦਰ ਅੰਮ੍ਰਿਤ, ਕਣੀਆਂ, ਕਾਵਿ ਸੰਗ੍ਰਹਿ ,2000, ਪੰਨਾ-47

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਇਹ ਨਾਲ ਲਛਮਣ ਲਕੀਰ ਆਈ[19]

ਪਰੰਪਰਾਗਤ ਕਹਾਣੀਆਂ ਵਿੱਚ ਜਦੋਂ ਦੇਵੀ-ਦੇਵਤਿਆਂ ਦੀ ਥਾਂ ਮਨੁੱਖ ਲੈਂਦੇ ਹਨ ਅਤੇ ਪੌਰਾਣਿਕ ਗੁਣਾਂ ਨੂੰ ਜਦੋਂ ਨਾਇਕ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਦੰਦ-ਕਥਾ ਹੋਂਦ ਵਿੱਚ ਆਉਂਦੀ ਹੈ ਇਹ ਰਵਾਇਤਾਂ ਦੀ ਉਪਜ ਹਨ।ਇਹਨਾਂ ਦਾ ਸੰਬੰਧ ਕਲਪਣਾ ਨਾਲੋਂ ਇਤਿਹਾਸ ਨਾਲ ਜ਼ਿਆਦਾ ਹੈ।ਪੰਜਾਬੀ ਲੋਕਧਾਰਾ ਵਿੱਚ ਹੀਰ-ਰਾਂਝਾ , ਸੱਸੀ-ਪੁਨੂੰ, ਸੋਹਣੀ-ਮਹੀਵਾਲ, ਮਿਰਜਾ-ਸਾਹਿਬਾ, ਪੂਰਨ-ਸੁੰਦਰਾ, ਸ਼ੀਰੀ-ਫਰਿਹਾਦ ਆਦਿ ਕਥਾਵਾਂ ਦਾ ਬੋਲਬਾਲਾ ਰਿਹਾ ਹੈ।

ਹੀਰ ਰਾਂਝੇ ਦੀ ਕਥਾ ਤੇ ਪਾਤਰ ਪੰਜਾਬੀ ਸਾਹਿਤ ਦਾ ਅਨਿੱਖਵਾਂ ਅੰਗ ਬਣ ਗਏ ਹਨ। ਸਾਰੇ ਪੰਜਾਬੀ ਆਪਣੇ ਸਮਾਜ ਵਿੱਚੋਂ ਕਥਾ ਦੇ ਪਾਤਰਾਂ ਨੂੰ ਪਛਾਣਨ ਦੇ ਯਤਨਾਂ ਵਿੱਚ ਰਹਿੰਦੇ ਹਨ, ਕੌਣ ਰਾਂਝੇ ਅਤੇ ਹੀਰ ਦੀ ਭੂਮਿਕਾ ਨਿਭਾ ਰਿਹਾ ਹੈ ਤੇ ਕੌਣ ਕੈਦੋਂ , ਕੌਣ ਲੁੱਡਣ ਅਤੇ ਖੇੜੇ ਦੀ ।

ਮੈਂ ਤਖ਼ਤ ਫ਼ੂਕੇ ਤੇ ਤਾਜ ਸਾੜੇ
ਮੈਂ ਖੇੜਿਆ ਦੀ ਜ਼ੰਜ਼ੀਰ ਤੋੜੀ
ਐ ਮੇਰੇ ਰਾਂਝਣ , ਐ ਮੇਰੇ ਚਾਨਣ
ਮੈਂ ਹਰ ਹਨ੍ਹੇਰੇ ਨੂੰ ਚੀਰ ਆਈ[20]

ਕੋਈ ਰਾਂਝਣ ਜਾਣ ਸਕੇ ਕੋਈ ਫਰਿਆਦ ਹੀ ਸਮਝ ਸਕੇ

ਕਿਉਂ ਬਲਦੀਆ ਲਾਟਾਂ ਤੇ ਸੜਦਾ ਪਰਵਾਨਾ ਹੈ।[21]

ਉਹਨੂੰ ਦਿਨ ਰਾਤ ਸੁਣਦੀ ਸੀ ਸਿਸਕਦੀ ਵੰਝਲੀ ਕੋਈ

ਦੁਹਾਈ ਕਿਉਂ ਨਾ ਦਿੰਦੀ ਖੇੜਿਆ ਵਿੱਚ ਹੀਰ ਨੀਂ ਮਾਏ[22]

ਇਹਨਾਂ ਪਾਣੀਆਂ ਦਾ ਕੋਈ ਨਾ ਕਿਨਾਰਾ ਦਿਸਦਾ

ਦਾਨਾਬਾਦ ਦਿਸਦਾ ਨਾ ਹਜ਼ਾਰਾ ਦਿਸਦਾ[23]

19 ਸੁਖਵਿੰਦਰ ਅੰਮ੍ਰਿਤ, ਪੁੰਨਿਆਂ, ਕਾਵਿ ਸੰਗ੍ਰਹਿ,2011, ਪੰਨਾ-27
20 ਸੁਖਵਿੰਦਰ ਅੰਮ੍ਰਿਤ, ਪੁੰਨਿਆਂ, ਕਾਵਿ ਸੰਗ੍ਰਹਿ,2011, ਪੰਨਾ-27
21 ਸੁਖਵਿੰਦਰ ਅੰਮ੍ਰਿਤ, ਪੱਤਝੜ ਵਿਚ ਪੁੰਗਰਦੇ ਪੱਤੇ, ਗ਼ਜ਼ਲ ਸੰਗ੍ਰਹਿ,2002, ਪੰਨਾ-51
22 ਸੁਖਵਿੰਦਰ ਅੰਮ੍ਰਿਤ, ਚਿਰਾਗਾਂ ਦੀ ਡਾਰ, ਗ਼ਜ਼ਲ ਸੰਗ੍ਰਹਿ,1999, ਪੰਨਾ-30
23 ਸੁਖਵਿੰਦਰ ਅੰਮ੍ਰਿਤ, ਨੀਲਿਆ ਮੋਰਾ ਵੇ, ਗੀਤ ਸੰਗ੍ਰਹਿ,2012, ਪੰਨਾ-40

ਹੀਰ-ਰਾਂਝੇ ਦੀ ਲੋਕ ਕਹਾਣੀ ਤੋਂ ਪਿਛੋਂ ਦੂਜੀ ਲੋਕ ਪ੍ਰਿਯ ਕਥਾ ਸੁਹਣੀ-ਮਹੀਂਵਾਲ ਦੀ ਹੈ। ਕਿੱਸਾਕਾਰਾਂ, ਸੂਫੀ ਕਵੀਆਂ ਤੇ ਹੋਰ ਸਾਹਿਤਕਾਰਾਂ ਦੀਆਂ ਕ੍ਰਿਤੀਆਂ ਵਿੱਚ ਇਸ ਕਥਾ ਸੰਬੰਧੀ ਦ੍ਰਿਸ਼ਟਾਂਤ ਦ੍ਰਿਸ਼ ਆਉਂਦੇ ਹਨ।ਇਹਨਾਂ ਦ੍ਰਿਸ਼ਟਾਂਤਾਂ ਵਿੱਚ ਸੋਹਣੀ ਦਾ ਘੜਾ ਛਾਤੀ ਤੇ ਰੱਖ ਕੇ ਮਹੀਂਵਾਲ ਨੂੰ ਮਿਲਣ ਜਾਣਾ, ਪੱਕੇ ਦੀ ਥਾਂ ਕੱਚੇ ਘੜੇ ਦਾ ਬਦਲਿਆ ਜਾਣਾ, ਦਰਿਆ ਵਿੱਚ ਦੋਹਾਂ ਦਾ ਡੁੱਬਣਾ ਇਸ਼ਕ ਦੀ ਆਦਰਸ਼ਮਈ ਭਰਤਨਾ ਵੱਲ ਸੰਕੇਤ ਕਰਦੇ ਹਨ। ਸੁਖਵਿੰਦਰ ਅੰਮ੍ਰਿਤ ਦੀ ਕਵਿਤਾ 'ਚੁਗਲਖ਼ੋਰ ਹਵਾ' ਵਿੱਚ ਸਪੱਸ਼ਟ ਰੂਪ ਵਿੱਚ ਵਰਤੇ ਗਏ ਹਨ ।

ਮੈਂ ਤਾਂ ਚਾਹੁੰਦੀ ਹਾਂ

ਸੋਹਣੀ ਵਾਂਗ

ਇਸ਼ਕ ਦਾ ਡੂੰਘਾ ਝਨਾਂ ਤਰਾਂ[24]

ਜੇ ਹਵਾ ਚੁਗਲੀਆਂ ਨਾ ਕਰਦੀ

ਤਾਂ ਸ਼ਾਇਦ

ਨਾ ਹੀ ਖੁਰਦਾ

ਦਰਿਆ ਦੀ ਤੇਜ਼ ਧਾਰ ਵਿੱਚ

ਸੋਹਣੀ ਦਾ ਘੜਾ

ਸ਼ਾਹਿਦ ਨਾ ਹੀ ਰੁਸਦਾ

ਮਹੀਵਾਲ ਦੀ ਵੰਝਲੀ ਨਾਲ

ਰਾਗ ਮਲਹਾਰ....... [25]

ਲਾ ਕੇ ਕੱਚਿਆ ਨੂੰ ਨਾਮ ਹਿੱਕੜੀ ਦੇ

ਡੂੰਘੇ ਪਾਣੀ 'ਚ ਉਤਰਨਾ ਤੇਰਾ[26]

ਪੂਰਨ ਭਗਤ ਦੰਦ ਕਥਾਵਾਂ ਵਿੱਚ ਆਦਰਸ਼ ਨਾਇਕ ਮੰਨਿਆ ਗਿਆ ਹੈ ਜਿਸ ਨੇ ਆਪਣੀ ਸੱਚਾਈ ਦਾ ਪੱਲਾ ਨਹੀਂ ਛੱਡਿਆ। ਨਾਲ ਹੀ ਕਥਾ ਵਿੱਚ ਸੁੰਦਰਾਂ ਦੇ ਪਿਆਰ ਦਾ ਆਦਰਸ਼ ਹੈ ਤੇ ਇੱਛਰਾ ਮਾਂ ਦੇ ਦੁੱਖਾਂ ਦੀ ਦਾਸਤਾਨ ਹੈ। ਕਥਾ ਦੇ ਆਦਰਸ਼ਾਂ ਦਾ ਭਰਪੂਰ ਵਰਣਨ ਕਵਿਤਾ ਦਾ ਹਿੱਸਾ ਹੈ।

---

24 ਸੁਖਵਿੰਦਰ ਅੰਮ੍ਰਿਤ, ਕਣੀਆਂ, ਕਾਵਿ ਸੰਗ੍ਰਹਿ,2000, ਪੰਨਾ-41
25 ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-21
26 ਸੁਖਵਿੰਦਰ ਅੰਮ੍ਰਿਤ, ਪੁੰਨਿਆਂ, ਗ਼ਜ਼ਲ ਸੰਗ੍ਰਹਿ,2011, ਪੰਨਾ-69

ਤੈਨੂੰ ਸਦਾ ਰਿਹਾ ਸੱਚ ਦਾ ਖਿਆਲ ਵੇ

ਤੈਨੂੰ ਆਈ ਨਾ ਨਿਭਾਉਂਣੀ ਕਿਸੇ ਨਾਲ ਵੇ

ਮੁੱਲ ਲੈ ਲਿਆ ਤੂੰ ਤਖ਼ਤਾ ਦਾ ਵੈਰ ਪੂਰਨਾ

ਲੈ ਜਾ ਸੁੰਦਰਾਂ ਦੇ ਬੂਹੇ ਉਤੋਂ ਖੈਰ ਪੂਰਨਾ[27]

ਨਾ ਕੋਈ ਪੂਰਣ ਹੈ ਖੂਹਾਂ 'ਚੋਂ ਮੁੜਦਾ

ਨਾ ਮੁੜ ਕੇ ਨੈਨਾਂ ਨੂੰ ਨੂਰ ਜੁੜਦਾ

ਕਿ ਰੋਜ਼ ਇੱਛਰਾ ਗਵਾਉਦੀਂ ਅੱਖੀਆਂ

ਤੇ ਰੋਜ਼ ਸੁਕਦਾ ਹੈ ਬਾਗ ਕੋਈ[28]

ਪਾ ਲਈਆ ਜਿਨ੍ਹਾਂ ਨੇ ਕੰਨੀ ਮੁੰਦਰਾਂ

ਉਹਨਾਂ ਨੇ ਕੀ ਸੁੰਦਰਾਂ ਤੱਕ ਪਹੁੰਚਣਾ[29]

ਜੇ ਤੂੰ ਹੈ ਸਚਮੁੱਚ ਪੂਰਨ

ਏਸ ਹਵਾ ਦੀ

ਠਾਹਰ ਬਣ ਜਾ

ਓਸ ਨਦੀ ਦਾ

ਸਾਗਰ ਹੋ ਜਾ

ਏਸ ਧੁੱਪ ਲਈ ਚੰਨਣ ਬਣ ਜਾ[30]

ਲੋਕਧਾਰਾ ਦੀ ਇਕ ਹੋਰ ਕਥਾ ਮਿਰਜਾ-ਸਾਹਿਬਾ ਬਹੁਤ ਮਕਬੂਲ਼ ਹੈ ।ਲੋਕ ਸਾਹਿਤ ਵਿੱਚ ਮਿਰਜੇ ਨੂੰ ਅੜ੍ਹਬ, ਜ਼ੋਰਾਵਰ, ਹੂੜਮੱਤ ਤੇ ਗੁਮਾਨ ਦਾ ਭਰਿਆ ਦਿਖਾਇਆ ਗਿਆ ਹੈ ਤੇ ਸਾਹਿਬਾ ਨੂੰ ਭਰਾਵਾਂ ਦਾ ਪੱਖ ਲੈ ਕੇ ਦਗਾ ਕਰਨ ਵਾਲੀ ਔਰਤ ਵਜੋਂ ਪੇਸ਼

27 ਸੁਖਵਿੰਦਰ ਅੰਮ੍ਰਿਤ, ਨੀਲਿਆ ਮੋਰਾ ਵੇ, ਗੀਤ ਸੰਗ੍ਰਹਿ,2012, ਪੰਨਾ-32
28 ਸੁਖਵਿੰਦਰ ਅੰਮ੍ਰਿਤ, ਪੁੰਨਿਆਂ, ਕਾਵਿ ਸੰਗ੍ਰਹਿ,2011, ਪੰਨਾ-23
29 ਸੁਖਵਿੰਦਰ ਅੰਮ੍ਰਿਤ, ਚਿਰਾਗਾਂ ਦੀ ਡਾਰ, ਗ਼ਜ਼ਲ ਸੰਗ੍ਰਹਿ,1999, ਪੰਨਾ-49
30 ਸੁਖਵਿੰਦਰ ਅੰਮ੍ਰਿਤ, ਕਣੀਆਂ, ਕਾਵਿ ਸੰਗ੍ਰਹਿ,2000, ਪੰਨਾ-18

ਕੀਤਾ ਗਿਆ ਹੈ।ਸੁਖਵਿੰਦਰ ਅੰਮ੍ਰਿਤ ਨੇ ਨਾਰੀਵਾਦੀ ਤੱਤਾਂ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਕਵਿਤਾ 'ਸਾਹਿਬਾ ਇਸ ਵਾਰ' ਸਾਹਿਬਾ ਦੇ ਪੱਖ ਤੋਂ ਦਲੀਲਾਂ ਦਿੱਤੀਆ ਹਨ ।ਇਹ ਠੀਕ ਉਸੇ ਤਰਾਂ ਹੈ ਜਿਵੇਂ ਸ਼ਿਵ ਕੁਮਾਰ ਨੇ ਮਹਾਕਾਵਿ 'ਲੂਣਾ' ਵਿੱਚ ਇਕ ਅਲੱਗ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ।

ਇਹ ਝੂਠ ਹੈ

ਕਿ ਮੈਨੂੰ

ਭਰਾਵਾਂ ਦਾ ਮੋਹ ਮਾਰ ਗਿਆ

-----------------

ਮੈਂ ਤਾਂ ਤੋੜ ਕੇ ਆ ਗਈ ਸੀ

ਭਰਾਵਾਂ ਦੇ ਮੋਹ ਦੀ ਸੰਗਲੀ

ਮੈਂ ਤਾਂ ਬਾਬਲ ਦੀ ਪੱਗ ਦਾ ਵੀ

ਖਿਆਲ ਨਾ ਕੀਤਾ

----------

ਮੈਂ ਤਾਂ ਜੰਡ ਤੇ ਟੰਗਿਆ

ਆਪਣਾ ਰੱਤ ਭਿੱਜਿਆ ਸਾਲੂ

ਮੈਂ ਤੋੜੀਆ ਆਪਣੀਆਂ ਬਾਹਾਂ ਵਿੱਚੋਂ

ਸੁਹਾਗ ਦੀਆਂ ਵੰਗਾਂ

ਕਿ ਮੈਨੂੰ ਤੇਰੇ ਇਸ਼ਕ ਨੇ ਮਾਰਿਆ[31]

ਇਸ ਵਾਰ

ਜੰਡ ਥੱਲੇ ਸੌਣ ਦੀ

ਜ਼ਿੱਦ ਨਾ ਕਰੀਂ ਮਿਰਜਿਆ !

---

31 ਸੁਖਵਿੰਦਰ ਅੰਮ੍ਰਿਤ, ਕਣੀਆਂ, ਕਾਵਿ ਸੰਗ੍ਰਹਿ,2000, ਪੰਨਾ-84

ਰਾਹ ਵਿੱਚਲੇ ਜੰਡ ਤਾਂ

ਇਹ ਦੱਸਣ ਲਈ ਹੁੰਦੇ

ਕਿ ਭਰਾਵਾਂ ਦੇ ਆਸਰੇ ਤੋਂ ਬਿਨਾਂ

ਰਾਹਵਾਂ ਵਿੱਚ ਨਹੀਂ ਸੌਈਦਾ[32]

ਸੱਸੀ-ਪੁਨੂੰ ਦੀ ਕਥਾ ਨੂੰ ਪੰਜਾਬੀ ਕਿੱਸਾ ਕਾਵਿ ਵਿੱਚ ਹਾਸ਼ਮ ਨੇ ਬੜੇ ਦਰਦਮਈ ਢੰਗ ਨਾਲ ਬਿਆਨ ਕੀਤਾ ਹੈ। ਇੱਕ ਰਾਜਕੁਮਾਰੀ ਪੁਨੂੰ ਨੂੰ ਭਾਲਦੀ ਥਲਾਂ ਵਿੱਚ ਜਾਨ ਗੁਆ ਦਿੰਦੀ ਹੈ ਪਰ ਇਸ਼ਕ ਵੱਲੋਂ ਬੁਹ ਪਾ ਜਾਂਦੀ ਹੈ। ਸੁਖਵਿੰਦਰ ਨੇ ਔਰਤ ਦੇ ਦਰਦ ਤੇ ਵੇਦਨਾ ਨੂੰ ਲੋਕਧਾਰਾ ਦੀ ਮਕਬੂਲ ਪਾਤਰ ਸੱਸੀ ਦੇ ਹਵਾਲੇ ਨਾਲ ਉਭਾਰਿਆ ਹੈ ।

ਪਿਆਰ ਤਾਂ ਸੱਸੀ ਦੀਆਂ ਪੈੜਾਂ ਨਾਲ ਲਿਖਿਆ

ਥਲਾਂ ਦੇ ਸਫ਼ੇ 'ਤੇ

ਪੁਨੂੰ ਦੇ ਨਾਂ ਆਖਰੀ ਪੈਗਾਮ[33]

ਹਾਏ ਵੇ ਵਿਛੋੜਿਆ !

ਸੋਹਣੀਆਂ ਨੂੰ ਡੋਬਿਆ ਤੂੰ ਸੱਸੀਆਂ ਨੂੰ ਸਾੜਿਆ

ਦੱਸ ਕਿਹੜੇ ਦਿਲ 'ਤੇ ਤੂੰ ਕਹਿਰ ਨਾ ਗੁਜਾਰਿਆ[34]

ਸੁਖਵਿੰਦਰ ਅੰਮ੍ਰਿਤ ਜੀ ਦੀ ਕਵਿਤਾ ਵਿੱਚ ਲੋਕ ਵਸਤੂ ਸਮੱਗਰੀ ਬਰਤਨ, ਸੰਦ, ਹਥਿਆਰ ਸ਼ਬਦਾਂ ਦੀ ਭਰਮਾਰ ਹੈ। ਲੋਕ ਸਮੱਗਰੀ ਵਿੱਚਲੇ ਸੰਦਾਂ ਦੀ ਮਹੱਤਤਾ ਉਹਨਾਂ ਵੱਲੋਂ ਨਿਭਾਈ ਗਈ ਸਭਿਆਚਾਰ ਭੂਮਿਕਾ ਵਿੱਚ ਨਿਹਿਤ ਹੁੰਦੀ ਹੈ। ਇਹਨਾਂ ਸੰਦਾਂ ਦੀ ਪ੍ਰਤੀਕ ਦੇ ਰੂਪ ਵਿੱਚ ਵਰਤੋਂ ਕੀਤੀ ਗਈ ਹੈ। ਤੇਗ, ਤਲਵਾਰ ,ਕਾਨੀ, ਸ਼ਮਸ਼ੀਰ (ਹਜ਼ਾਰ ਰੰਗਾਂ ਦੀ ਲਾਟ- ਪੰਨਾ-29,35) ਸ਼ਬਦ ਸੱਤਾ ਦੀ ਧਾਕ ਜਮਾਉਂਦੇ ਨਜ਼ਰ ਆਉਂਦੇ ਹਨ। ਰਬਾਬ, ਵੰਝਲੀ, ਬੀਨ (ਪੱਤਝੜ ਵਿਚ ਪੰਗਿਰਦੇ ਪੱਤੇ, ਪੰਨਾ-42) ਸ਼ਬਦ ਪੰਜਾਬੀ ਲੋਕਧਾਰਾ ਵਿੱਚ ਪਿਆਰ ਤੇ ਸ਼ਾਤੀ ਦੀ ਧੁਨ ਵਜਾਉਂਦੇ ਹਨ। ਹਿਰਨੀ (ਪੁੰਨਿਆਂ-79), ਕੰਜਕਾਂ (ਚਿੜੀਆਂ-75), ਤਿੱਤਲੀ (ਹਜ਼ਾਰ ਰੰਗਾਂ ਦੀ ਲਾਟ-25,40, ਨੀਲਿਆ ਮੋਰਾਂ ਵੇ-18, ਪੱਤਝੜ ਵਿਚ ਪੁੰਗਰਦੇ ਪੱਤੇ-25), ਮਛਲੀ (ਪੱਤਝੜ ਵਿਚ ਪੁੰਗਰਦੇ ਪੱਤੇ-18, ਚਿਰਾਗਾਂ ਦੀ ਡਾਰ-17, ਪੁੰਨਿਆਂ-35), ਕਾਗਜ਼ ਦੀ ਗੁੱਡੀ (ਕਣੀਆਂ-50) ਅਦਿ ਸ਼ਬਦਾਂ ਨਾਲ ਔਰਤ ਦੇ ਬੇਬਸ ਤੇ ਲਾਚਾਰ ਹੋਣ ਨੂੰ ਸੰਗਿਆ ਦਿੱਤੀ ਗਈ ਹੈ।ਕਵਿਤਾ (ਭਾਈ ਲਾਲੋ) ਵਿੱਚ ਆਰੀ, ਤੇਸਾ, ਕੋਧਰੇ ਦੀ ਰੋਟੀ, ਰੰਦਾ, ਮੰਜਾ, ਪੀੜੀ, ਚੁੱਲਾ, ਕਿੱਕਰ, ਘੜੇ, ਖੁਰਲੀਆ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹਨ।

ਗਹਿਣੇ, ਹਾਰ-ਸ਼ਿਗਾਰ, ਅਤੇ ਪਹਿਰਾਵਾ ਮਨੁੱਖੀ ਜੀਵਨ ਦਾ ਮਹੱਤਵਪੂਰਨ ਅੰਗ ਹਨ। ਸੋਨੇ ਦਾ ਜੇਕਰ ਕੈਂਠਾ, ਬੁਗਤੀਆਂ ਜਾਂ ਕਾਂਟੇ ਬਣਾਏ ਜਾਂਦੇ ਹਨ ਤਾ ਅਸੀਂ ਸਮਝ ਜਾਂਦੇ ਹਾਂ ਕਿ ਪੰਜਾਬੀ ਸੱਭਿਆਚਾਰ ਦੀ ਗੱਲ ਹੋ ਰਹੀ ਹੈ।ਇੰਝ ਹੀ ਪਹਿਰਾਵੇ ਤੋਂ

[32] ਸੁਖਵਿੰਦਰ ਅੰਮ੍ਰਿਤ, ਕਣੀਆਂ, ਕਾਵਿ ਸੰਗ੍ਰਹਿ,2000, ਪੰਨਾ-85
[33] ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-35
[34] ਸੁਖਵਿੰਦਰ ਅੰਮ੍ਰਿਤ, ਨੀਲਿਆ ਮੋਰਾ ਵੇ, ਗੀਤ ਸੰਗ੍ਰਹਿ, 2012, ਪੰਨਾ-52

ਅਲੱਗ-ਅਲੱਗ ਸੱਭਿਆਚਾਰ ਦਾ ਪਤਾ ਲੱਗਦਾ ਹੈ।ਅੰਮ੍ਰਿਤ ਨੇ ਸੁਚੇਤ ਰੂਪ ਵਿੱਚ ਕਈ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜੋ ਪੰਜਾਬੀ ਸੱਭਿਆਚਾਰ ਵਿੱਚ ਲੋਕਧਾਰਾਈ ਪ੍ਰਭਾਵ ਰੱਖਦੇ ਹਨ, ਨਾਲ ਹੀ ਔਰਤ ਦੀ ਮਾਨਸਿਕਤਾ ਬਾਰੇ ਖੁੱਲ੍ਹ ਕੇ ਦੱਸਦੇ ਹਨ। ਕਵਿਤਾ 'ਹੁਣ ਮਾਂ' ਇਸ ਦੀ ਉਦਾਹਰਨ ਹੈ। ਲੰਮੀ ਗੁੱਤ, ਸ਼ੀਸਾ, ਸ਼ੁਨੀਲ ਦਾ ਮੋਤੀਆਂ ਵਾਲਾ ਸੂਟ, ਤਿੱਲੇ ਵਾਲੀ ਜੁੱਤੀ, ਝਾਂਜਰਾਂ, ਕੱਜਲੇ ਦੀ ਧਾਰ, ਸੰਧੂਰ, ਵੰਗਾਂ, ਚਰਖੇ, ਦਰੀਆਂ, ਦਸਤਾਰ, ਗਿੱਧਾ, ਝੂਮਰ, ਫੁਲਕਾਰੀ ਸ਼ਬਦਾਂ ਵਿੱਚ ਪੰਜਾਬੀ ਸੱਭਿਆਚਾਰ ਦੇ ਦਰਸ਼ਨ ਹੁੰਦੇ ਹਨ। ਨਾਰੀਵਾਦੀ ਧਾਰਨਾ ਦੇ ਅੰਤਰਗਤ ਸੁਖਵਿੰਦਰ ਨੇ ਝਾਂਜਰ,ਪੰਜੇਬ, ਪਾਇਲ ਨੂੰ ਜ਼ੰਜ਼ੀਰਾਂ ਤੇ ਬੇੜੀਆਂ ਦਾ ਪ੍ਰਤੀਕ ਮੰਨਿਆ ਹੈ

ਗੁਨਾਹ ਹੈ

ਮੱਥੇ ਤੇ ਲੱਗੀ ਬਿੰਦੀ ਦੇ

ਦਾਇਰੇ ਵਿੱਚ ਸਿਮਟ ਜਾਣਾ

ਸੂਹੀ ਫੁਲਕਾਰੀ ਵਿੱਚ

ਲਾਸ਼ ਬਣ ਕੇ ਲਿਪਟ ਜਾਣਾ[35]

ਪੰਜਾਬੀ ਲੋਕ ਪਰੰਪਰਾ ਵਿੱਚ ਪੰਛੀਆਂ ਤੇ ਜਾਨਵਰਾਂ ਨਾਲ ਸੰਬੰਧਿਤ ਬਹੁਤ ਲੋਕ ਵਿਸ਼ਵਾਸ ਮਿਲਦੇ ਹਨ। ਜਿੱਥੇ ਬਾਜ ਨੂੰ ਸ਼ਕਤੀ ਤੇ ਜਾਬਰ ਦਾ ਪ੍ਰਤੀਕ ਮੰਨਿਆ ਗਿਆ ਹੈ, ਉੱਥੇ ਸੱਪ ਨੂੰ ਵਿਸ਼ੈਲਾ ਤੇ ਪਿੱਠ ਤੇ ਵਾਰ ਕਰਨ ਵਾਲੇ ਦੇ ਰੂਪ ਵਿੱਚ ਸਵੀਕਾਰ ਕੀਤਾ ਗਿਆ ਹੈ । ਅਜਿਹੇ ਹੀ ਲੋਕ ਵਿਸ਼ਵਾਸ਼ਾਂ ਨਾਲ ਸੰਬੰਧਿਤ ਬਹੁਤ ਸਾਰੇ ਸ਼ਬਦਾਂ ਦਾ ਜ਼ਿਕਰ ਕਵਿਤਾ ਵਿੱਚ ਮਿਲਦਾ ਹੈ। ਸੱਪ, ਵਿਸ਼ੀਅਰ, ਮਗਰਮੱਛ, ਮੋਰ, ਉਕਾਬ, ਹੰਸ, ਮੁਰਗਾਈਆਂ, ਬੁਲਬੁਲ, ਕੋਇਲ ਆਦਿ ਸਭ ਮਿੱਥੇ ਲੋਕ ਵਿਸ਼ਵਾਸ਼ਾਂ ਦਾ ਪ੍ਰਤੱਖਣ ਕਰਦੇ ਹਨ।

ਚਲਾਕ ਮਗਰਏਮੱਛ

ਆਟੇ ਵਾਲੀ ਕੁੰਡੀ ਸੁੱਟ

ਕਰਦੇ ਮਾਸੂਮ ਮੱਛੀਆਂ ਦਾ ਸ਼ਿਕਾਰ

ਘੰਟਿਆਂ, ਦਿਨਾਂ, ਮਹੀਨਿਆਂ ਬੱਧੀ ਇੰਤਜ਼ਾਰ[36]

ਜੇ ਰਾਹਾਂ ਵਿੱਚ

ਬੰਦਿਆਂ ਦੇ ਮੂੰਹਾਂ ਵਾਲੇ

ਸ਼ੇਰ ਬਘੇਲੇ ਨਾ ਹੁੰਦੇ

ਤਾਂ

ਕੁੜੀਆਂ ਵੀ ਜਾ ਸਕਦੀਆਂ ਸੀ

---

35 ਸੁਖਵਿੰਦਰ ਅੰਮ੍ਰਿਤ, ਕਣੀਆਂ, ਕਾਵਿ ਸੰਗ੍ਰਹਿ,2000, ਪੰਨਾ-26

36 ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-59

ਬਾਬੇ ਨਾਨਕ ਵਾਂਗ ਉਦਾਸੀਆਂ ਤੇ.....[37]

ਕਿੱਥੇ ਨੇ ਖ਼ਾਬ ਤੇਰੇ , ਤੇਰੀ ਉਡਾਨ ਕਿੱਥੇ
ਐ ਪਿੰਜਰੇ ਦੀ ਬੁਲਬੁਲ ! ਤੇਰਾ ਅਸਮਾਨ ਕਿੱਥੇ[38]

ਇਹ ਕਿਸ ਤਰ੍ਹਾਂ ਦੇ ਮਰਦ ਨੇ
ਔਰਤ ਦੀ ਰਤ 'ਤੇ ਪਲੇ ਵਿਸੀਅਰ[39]

ਜਿੱਥੇ ਹੰਸ ਤਿਹਾਏ ਮਰ ਗਏ, ਡੁੱਬ ਮੁਈਆ ਮੁਰਗਾਈਆਂ
ਕਿਉਂ ਪਰਦੇਸੀ ਪੰਛੀ ਪਾਉਂਦੇ ਉਸ ਪੱਤਣ ਵੱਲ ਫੇਰਾ[40]

ਪੰਜਾਬੀ ਲੋਕ ਸੱਭਿਆਚਾਰ ਪ੍ਰੇਮੀ ਨੂੰ 'ਚੰਨ' ਸ਼ਬਦ ਨਾਲ ਸੰਬੋਧਿਤ ਕੀਤਾ ਜਾਂਦਾ ਹੈ।ਸੂਰਜ ਨੂੰ ਸ਼ਕਤੀ, ਊਰਜਾ, ਚੜਦੀਕਲਾ ਦਾ ਪ੍ਰਤੀਕ ਮੰਨਿਆ ਗਿਆ ਹੈ।

ਹਨੇਰੇ ਵਕਤ ਦੀ ਛਾਤੀ 'ਚੋ ਸੂਰਜ ਵਾਂਗ ਨਿਕਲੀ ਹਾਂ
ਕਿ ਹਰ ਸਿਆਹੀ ਨੂੰ ਆਪਣੇ ਰੰਗ ਵਿੱਚ ਰੰਗਦੀ ਹਾਂ[41]

ਬਣ ਕੇ ਸੂਰਜ ਆਖ਼ਰ ਮੈਂ ਉਦੈ ਹੋ ਗਈ[42]

ਜਗਣ ਜੋ ਤਾਰਿਆਂ ਵਾਂਗੂੰ ਮਘਣ ਜੋ ਸੂਰਜਾਂ ਵਾਂਗੂੰ
ਕਲਮ ਮੇਰੀ ਦੇ ਹਿੱਸੇ ਉਸ ਤਰ੍ਹਾਂ ਦੇ ਹਰਫ਼ ਨਾ ਆਏ[43]

---

37 ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-24
38 ਸੁਖਵਿੰਦਰ ਅੰਮ੍ਰਿਤ, ਹਜ਼ਾਰ ਰੰਗਾਂ ਦੀ ਲਾਟ, ਗ਼ਜ਼ਲ ਸੰਗ੍ਰਹਿ,2008, ਪੰਨਾ-66
39 ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-75
40 ਸੁਖਵਿੰਦਰ ਅੰਮ੍ਰਿਤ, ਹਜ਼ਾਰ ਰੰਗਾਂ ਦੀ ਲਾਟ, ਗ਼ਜ਼ਲ ਸੰਗ੍ਰਹਿ,2008, ਪੰਨਾ-65
41 ਸੁਖਵਿੰਦਰ ਅੰਮ੍ਰਿਤ, ਪੱਤਝੜ ਵਿਚ ਪੁੰਗਰਦੇ ਪੱਤੇ, ਗ਼ਜ਼ਲ ਸੰਗ੍ਰਹਿ,2002, ਪੰਨਾ-24
42 ਸੁਖਵਿੰਦਰ ਅੰਮ੍ਰਿਤ, ਪੱਤਝੜ ਵਿਚ ਪੁੰਗਰਦੇ ਪੱਤੇ, ਗ਼ਜ਼ਲ ਸੰਗ੍ਰਹਿ,2002, ਪੰਨਾ-31
43 ਸੁਖਵਿੰਦਰ ਅੰਮ੍ਰਿਤ, ਪੱਤਝੜ ਵਿਚ ਪੁੰਗਰਦੇ ਪੱਤੇ, ਗ਼ਜ਼ਲ ਸੰਗ੍ਰਹਿ,2002, ਪੰਨਾ-40

ਡਾ. ਜੋਗਿੰਦਰ ਸਿੰਘ ਕੈਰੋਂ ਅਨੁਸਾਰ,

"ਅਖਾਣ ਤੇ ਮੁਹਾਵਰੇ ਕਿਸੇ ਵੀ ਭਾਸ਼ਾ ਦਾ ਸ਼ਿਗਾਰ ਹਨ ਅਤੇ ਸੰਚਾਰ ਲਈ ਤੇਜ਼ ਹਥਿਆਰ ਤੇ ਸੰਦਾਂ ਦਾ ਕਾਰਜ ਨਿਭਾਉਂਦੇ ਹਨ । ਬਹੁਤ ਸਾਰੇ ਅਖ਼ਾਣ ਮੁਹਾਵਰਿਆਂ ਨਾਲ ਕੋਈ ਕਥਤ, ਰੂੜੀ, ਲੋਕ ਕਹਾਣੀ ਜਾਂ ਮੁੱਢੀ ਜੁੜੀ ਹੁੰਦੀ ਹੈ ਜੋ ਹੋਲੀ ਹੋਲੀ ਸਮਾਂ ਪਾ ਕੇ ਮੁਹਾਵਰੇ ਤੋਂ ਵੱਖ ਹੋ ਜਾਂਦੀ ਹੈ ਜਿਵੇਂ ਕੋਈ ਪੱਕਿਆ ਹੋਇਆ ਫ਼ਲ ਆਪਣੇ ਰੁੱਖ ਨਾਲੋਂ ਜ਼ੁਦਾ ਹੋ ਕੇ ਵੀ ਰੁੱਖ ਦਾ ਨਾਮ ਅਤੇ ਗੁਣ ਆਪਣੇ ਵਿੱਚ ਸਮੋਈ ਰੱਖਦਾ ਹੈ।ਉਸੇ ਤਰ੍ਹਾਂ ਅਖ਼ਾਣ ਅਤੇ ਮੁਹਾਵਰੇ ਵੀ ਆਪਣੀ ਕਥਾ ਨਾਲੋਂ ਵੱਖ ਹੋ ਕੇ ਉਸ ਕਥਾ ਦੇ ਗਹਿਰੇ ਅਰਥਾਂ ਨੂੰ ਆਪਣੇ ਵਿੱਚ ਸਮੋਈ ਰੱਖਦਾ ਹੈ।"[44]

ਸੁਖਵਿੰਦਰ ਅੰਮ੍ਰਿਤ ਨੇ ਲੋਕ ਮੁਹਾਵਰਿਆਂ ਨੂੰ ਦ੍ਰਿਸ਼ਟਾਤਾਂ ਅਤੇ ਪ੍ਰਤੀਕਾਂ ਦੇ ਰੂਪ ਵਿੱਚ ਵਰਤਿਆ ਹੈ। ਕਵਿਤਾ ਵਿੱਚ ਇਹ ਵੱਖਰੇ ਹੀ ਡਲਕਾਂ ਮਾਰਦੇ ਨਜ਼ਰ ਆਉਂਦੇ ਹਨ ਤੇ ਆਪਣੀ ਕਾਵਿਕ ਭੂਮਿਕਾ ਨਿਭਾਉਂਦੇ ਕਾਵਿ ਨੂੰ ਖ਼ੂਬਸੂਰਤੀ ਬਖ਼ਸ਼ ਰਹੇ ਹਨ।

'ਚਿੜੀਆਂ' ਕਾਵਿ ਸੰਗ੍ਰਿਹ ਵਿੱਚ ਅਨੇਕਾਂ ਮੁਹਾਵਰੇ ਦ੍ਰਿਸ਼ਟੀਗੋਚਰ ਹਨ ਜੋ ਪੰਜਾਬੀ ਲੋਕਧਾਰਾ ਦਾ ਅਟੁੱਟ ਅੰਗ ਹਨ ਜਿਵੇਂ ਚੁੰਝ ਚਰਚਾ (ਪੰ-9), ਢਿੱਡ ਦੀ ਆਂਦਰ (ਪੰ-11), ਚੂਲੀ ਦੇ ਮੇਚ (ਪੰ-13), ਲਾਜਪੱਤ ਦਾ ਰਾਖਾ (ਪੰ-14), ਪਰਵਾਹ ਨਹੀਂ ਕਿਸੈ ਕੇਰੀ ਬਾਝੁ ਸਚੇ ਨਾਹ (ਪੰ-32), ਕੰਡੇ ਵਾਂਗ ਰੜਕਣਾ (ਪੰ-37), ਏਕਮ ਦਾ ਚੰਦ (ਪੰ-37), ਛਿਣ ਭੰਗਰ (ਪੰ-39), ਦਸਾਂ ਨਹੁੰਆਂ ਦੀ ਕਾਰ (ਪੰ-42), ਟਿੱਕੀ ਉੱਗਣ (ਪੰ-43), ਡੰਗ ਟਪਾ ਲੈਣਾ (ਪੰ-46), ਢਿੱਡ ਦੀ ਅੱਗ (ਪੰ-48), ਹਰੀ ਭਰੀ ਹੋਣਾ (ਪੰ-51), ਕੁਰਸੀਆਂ ਦੀ ਜੰਗ (ਪੰ-57)। ਕਾਵਿ ਸੰਗ੍ਰਿਹ 'ਕਣੀਆਂ' ਵਿੱਚ ਗਊ ਦੇ ਜਾਏ (ਪੰ-27), ਹਾਉਕੇ ਦੀ ਗੁੜਤੀ (ਪੰ-28 ), ਚੰਨ ਦਾ ਟੋਟਾ ਤੇ ਸਰੋਂ ਦੀ ਗੰਦਲ (ਪੰ-31)। 'ਨੀਲਿਆ ਮੋਰਾ ਵੇ' ਗੀਤ ਸੰਗ੍ਰਿਹ ਵਿੱਚ ਜੁਗ ਜੁਗ ਜਿਉਣ (ਪੰ-13), ਗਿਆਨ ਦੀ ਕੂੰਜੀ (ਪੰ-14), ਵੇਲਾਂ ਵਧਣੀਆਂ (ਪੰ-16), ਸਿਹਰਾਂ ਸਜਾਉਂਣਾ(ਪੰ-16), ਸੂਰਜਾ ਵਿਹਾਉਣਾ (ਪੰ-81), ਕਬਰਾਂ 'ਤੇ ਅੱਕ ਉਗਣਾ (ਪੰ-83)। ਗ਼ਜ਼ਲ ਸੰਗ੍ਰਿਹ 'ਪੱਤਝੜ ਵਿਚ ਪੁੰਗਰਦੇ ਪੱਤੇ' ਵਿੱਚ ਮਰ ਮਰ ਕੇ ਜਿਉਂਣਾ (ਪੰ-26), ਸੱਪਾਂ ਦੇ ਸਿਰ ਮਿੱਧਣੇ (ਪੰ-26), ਦੀਵੇ ਤੋਂ ਸੱਖਣਾ ਬਨੇਰਾ (ਪੰ-26), ਤਲੀ ਤੇ ਸੀਸ ਧਰਨਾ (56), ਰੂਹ ਦਾ ਪੰਛੀ ਉੱਡਣਾ (ਪੰ-79), ਬੰਜਰਾਂ 'ਚੋ ਫੁੱਲ ਉਗਾਉਂਣਾ (ਪੰ-80) । 'ਪੁੰਨਿਆਂ' ਗ਼ਜ਼ਲ ਸੰਗ੍ਰਿਹ ਵਿੱਚ ਖ਼ਾਬ ਕਤਰਨਾ ਤੇ ਲਹੂ ਦਾ ਚਿੱਟਾ ਹੋਣਾ (ਪੰ-69) । 'ਚਿਰਾਗਾਂ ਦੀ ਡਾਰ' ਗ਼ਜ਼ਲ ਸੰਗ੍ਰਿਹ ਵਿੱਚ ਚਾਰੇ ਕੂਟਾਂ ਭਾਲਣੀਆ (ਪੰ-36)।

ਜੁੱਤੀ ਦੀ ਨੋਕ'ਤੇ ਰੱਖਦੀ ਸੀ

ਦੁਨੀਆਂ ਦੇ ਕਾਇਦੇ-ਕਾਨੂੰਨ[45]

ਮੇਰਾ ਦਾਦਾ ਵੀ

ਭਾਈ ਲਾਲੋ ਵਾਂਗ

ਟਿੱਕੀ ਉੱਗਣ ਤੋਂ ਲੈ ਕੇ

ਦੀਵਾ ਜਗਣ ਤੱਕ

ਦਸਾਂ ਨਹੁੰਆਂ ਦੀ ਕਾਰ[46]

44 ਡਾ. ਜੋਗਿੰਦਰ ਸਿੰਘ ਕੈਰੋਂ, ਪੰਜਾਬੀ ਸਾਹਿਤ ਦਾ ਲੋਕਧਰਾਈ ਪਿਛੋਕੜ,ਜਿਲਦ:2, ਪੰਨਾ-69

45 ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-34

46 ਸੁਖਵਿੰਦਰ ਅੰਮ੍ਰਿਤ, ਚਿੜੀਆਂ, ਕਾਵਿ ਸੰਗ੍ਰਹਿ,2014, ਪੰਨਾ-43

'ਨੀਲਿਆ ਮੋਰਾ ਵੇ' ਗੀਤ ਸੰਗ੍ਰਿਹ ਵਿੱਚ ਸੁਖਵਿੰਦਰ ਦੇ ਕੁਝ ਗੀਤ ਲੋਕਕਾਵਿ ਭੇਦਾਂ, ਲੋਕਗੀਤ ਸ਼ੈਲੀਆਂ, ਲੋਕਛੰਦਾਂ ਤੇ ਅਧਾਰਿਤ ਹਨ।ਕਿਉਂਕਿ ਸੁਖਵਿੰਦਰ ਇਕ ਨਾਰੀਵਾਦੀ ਕਵਿਤਰੀ ਹੈ ਇਸ ਲਈ ਇਹਨਾਂ ਗੀਤਾਂ ਵਿੱਚ ਔਰਤ ਦੇ ਸੰਵੇਦਨਸ਼ੀਲ ਭਾਵਾਂ ਨੂੰ ਦਰਸਾਉਂਦੇ ਕਾਵਿਕ ਬਿੰਬ ਸਿਰਜੇ ਹਨ ।ਗੀਤ 'ਮੇਰੀ ਨਹੀਂ ਪੁਗਦੀ'(ਪੰ-36), 'ਅੱਧੀ ਅੱਧੀ ਰਾਤੀਂ'(ਪੰ-47), 'ਪਿਪਲਾਂ ਦੀ ਛਾਂ' (ਪੰ-48), 'ਉਹੀ ਆ ਤਾਰੀਕ' (ਪੰ-53), 'ਕਿੱਥੇ ਗਿਆ ਪੰਜਾਬ' (ਪੰ-60), 'ਰਾਵੀ ਦਿਆ ਪੱਤਣਾਂ' (ਪੰ-62), 'ਤੋਰ ਅੰਮੀਏ'' (ਪੰ-70), 'ਕਾਲੇ ਨੇਰਿਆਂ 'ਚ ਜਗੇ' 'ਰੁੱਤ ਬੇਈਮਾਨ ਹੋ ਗਈ' (ਪੰ-42), 'ਕਿਰਸਾਨੀ' (ਪੰ-48), ਜਗ-ਜਨਣੀ (ਪੰ-66), ਮਹਾਰਾਜਾ ਰਣਜੀਤ ਸਿੰਘ (ਪੰ-68), ਵਗਣ ਭਰ-ਭਰ ਨੀਰ (ਪੰ-16), ਬਹਿ ਕੇ ਰੁੱਖ ਥੱਲੇ ਵੰਝਲੀ...... (ਪੰ-22), ਚੰਗਾ ਕੀਤਾ ਬੀਬਾ (ਪੰ-34) ਹੇ ਮੇਰੀ ਮਾਤ ਬੋਲੀ, ਹੇ ਅਖੰਡ ਦੀਪਮਾਲਾ

ਝੁੱਗ ਜੁਗ ਜਿਉਣ, ਸ਼ਾਲਾ ! ਤੇਰੇ ਕੋਰੜੇ ਸਵੱਈਏ

ਮੋਲਣ ਤੇਰੇ ਲਿਖਾਰੀ ਵਿਗਸਣ ਤੇਰੇ ਗਵੱਈਏ

ਹਰ ਇੱਕ ਦਿਸ਼ਾ 'ਚ ਹੋਵੇ ਤੇਰਾ ਹੀ ਬੋਲਬਾਲਾ[47]

ਚਲਾ ਜਾਈਂ, ਢਲ ਜਾਣ ਪਰਛਾਵੇਂ ਜੋਗੀਆ

ਆ ਜਾ, ਬਹਿ ਜਾ ਬਿੰਦ ਪਿੱਪਲੀ ਦੀ ਛਾਵੇਂ ਜੋਗੀਆ[48]

ਸੁਣ ਰੱਬਾ ਸੁਹਣਿਆਂ ਵੇ ਸੋਹਣੀ ਰੁੱਤ ਮੋੜ ਦੇ

ਕਣਕਾਂ ਕੁਆਰੀਆਂ ਨੂੰ ਘਰੋਂ-ਘਰੀ ਤੋਰ ਦੇ

ਕਿਹੜਾ ਤੇਰੇ ਪੈਰ ਘਸਦੇ

ਆ ਜਤ ਖੇਤਾਂ 'ਚ ਸੁਨਹਿਰੀ ਧੁੱਪ ਬਣ ਕੇ[49]

ਸ਼ਬਦਾਂ ਦੀ ਲੈਅ ਵਿੱਚ ਪਰੋਏ ਇਹ ਗੀਤ ਮਨੁੱਖੀ ਮਨ ਦੇ ਕੋਮਲ ਤੇ ਗਹਿਰੇ ਅਹਿਸਾਸਾਂ ਦਾ ਪ੍ਰਗਟਾਅ ਕਰਦੇ ਹਨ।ਸਮੁੱਚੇ ਤੌਰ 'ਤੇ ਆਖ਼ਰ ਵਿੱਚ ਕਿਹਾ ਜਾ ਸਕਦਾ ਹੈ ਕਿ ਸੁਖਵਿੰਦਰ ਦੇ ਕਾਵਿ-ਸੰਸਾਰ ਦਾ ਪਿਛੋਕੜ ਸਾਡੇ ਪੇਂਡੂ ਸੱਭਿਆਚਾਰ ਦੇ ਗੂੜ੍ਹੇ ਤੇ ਸੰਘਣੇ ਸੰਬੰਧਾਂ ਵਾਲਾ ਹੋਣ ਕਰਕੇ ਉਸ ਦੀ ਕਵਿਤਾ ਵਿੱਚ ਲੋਕ ਤੱਤਾਂ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ

47 ਸੁਖਵਿੰਦਰ ਅੰਮ੍ਰਿਤ, ਨੀਲਿਆ ਮੋਰਾ ਵੇ,ਗੀਤ ਸੰਗ੍ਰਹਿ,2012, ਪੰਨਾ-13
48 ਸੁਖਵਿੰਦਰ ਅੰਮ੍ਰਿਤ, ਨੀਲਿਆ ਮੋਰਾ ਵੇ,ਗੀਤ ਸੰਗ੍ਰਹਿ,2012, ਪੰਨਾ-30
49 ਸੁਖਵਿੰਦਰ ਅੰਮ੍ਰਿਤ, ਨੀਲਿਆ ਮੋਰਾ ਵੇ,ਗੀਤ ਸੰਗ੍ਰਹਿ,2012, ਪੰਨਾ-43